ਉੱਪਰ ਫ਼ਜ਼ੂਲ ਪੈਸਾ ਖ਼ਰਚ ਕਰਨ ਦੀ ਬਜਾਏ ਅਜਿਹੇ ਮਨੋਰਥਾਂ ਲਈ ਖ਼ਰਚ ਕਰਨਾ ਚਾਹੀਦਾ ਹੈ ਜਿਸ ਨਾਲ਼ ਬਹੁਤੇ ਲੋਕਾਂ ਦਾ ਭਲਾ ਹੋਵੇ ।

## ਅੱਖੀਂ ਡਿੱਠਾ ਮੇਲਾ

ਮੇਲੇ ਵੇਖਣ ਦਾ ਮੈਨੂੰ ਬਹੁਤ ਸ਼ੌਕ ਹੈ। ਸਾਡੇ ਪਿੰਡ ਦੇ ਨੇੜੇ-ਨੇੜੇ ਸਾਲ ਵਿੱਚ ਕਈ ਮੇਲੇ ਲੱਗਦੇ ਹਨ । ਇਹਨਾਂ ਸਾਰਿਆਂ ਨੂੰ ਵੇਖਣ ਦਾ ਬੜਾ ਚਾਅ ਹੁੰਦਾ ਹੈ ਪਰ ਦਸਹਿਰੇ ਦਾ ਮੇਲਾ ਇਹਨਾਂ ਸਾਰਿਆਂ ਵਿਚੋਂ ਵੱਡਾ ਹੁੰਦਾ ਹੈ । ਮੈਨੂੰ ਇਸ ਦੀ ਸਭ ਤੋਂ ਵੱਧ ਖਿੱਚ ਹੁੰਦੀ ਹੈ । ਇਸ ਵਾਰੀ ਮੇਲੇ ਦੀ ਯਾਦ ਮੇਰੇ ਮਨ ਵਿੱਚ ਹੁਣ ਤੱਕ ਤਾਜ਼ਾ ਹੈ ।

ਅਸੀਂ ਇਸ ਮੇਲੇ ਦੀ ਕਾਫ਼ੀ ਸਮੇਂ ਤੋਂ ਉਡੀਕ ਕਰ ਰਹੇ ਸੀ । ਉਂਞ ਤਾਂ ਇਸ ਮੇਲੇ ਦਾ ਅਰੰਭ ਇੱਕ ਤਰ੍ਹਾਂ ਨਾਲ਼ ਰਾਮ-ਲੀਲ੍ਹਾ ਨਾਲ਼ ਹੀ ਹੋ ਗਿਆ ਸੀ । ਹਰ ਰੋਜ਼ ਸ਼ਾਮ ਨੂੰ ਖ਼ੂਬ ਰੌਣਕ ਹੁੰਦੀ ਹੈ । ਫਿਰ ਵੀ ਦਸਹਿਰੇ ਦੇ ਦਿਨ ਦੀ ਆਪਣੀ ਹੀ ਖਿੱਚ ਸੀ । ਘਰ ਵਿੱਚ ਉੱਗਦੇ ਜੌਂ ਦੋ ਵੇਲ਼ੇ ਸਾਨੂੰ ਆਉਣ ਵਾਲ਼ੇ ਮੇਲੇ ਦੀ ਯਾਦ ਦਿਵਾਉਂਦੇ । ਮੈਂ ਤੇ ਮੇਰੀ ਭੈਣ ਨੇ ਘਰਦਿਆਂ ਤੋਂ ਭਾਨ ਲੈ ਕੇ ਮੇਲੇ ਲਈ ਕਾਫ਼ੀ ਪੈਸੇ ਇਕੱਠੇ ਕਰ ਲਏ ਸਨ । ਸਕੂਲ ਵਿੱਚ ਅਤੇ ਘਰ ਵਿੱਚ ਅਸੀਂ ਰਾਮ-ਲੀਲ੍ਹਾ ਦੀਆਂ ਝਾਕੀਆਂ ਖੇਡਦੇ ਜਾਂ ਉਹਨਾਂ ਪਾਤਰਾਂ ਦੇ ਵਾਰਤਾਲਾਪ ਦੀਆਂ ਨਕਲਾਂ ਲਾਹੁੰਦੇ । ਇੰਞ ਪਤਾ ਹੀ ਨਾ ਲੱਗਾ ਕਿ ਮੇਲੇ ਦਾ ਦਿਨ ਕਦੋਂ ਆ ਗਿਆ।

ਸਵੇਰੇ ਘਰ ਵਿੱਚ ਦਸਹਿਰੇ ਦੇ ਤਿਉਹਾਰ ਦੀਆਂ ਰਸਮਾਂ ਲਈ ਕਈ ਤਰ੍ਹਾਂ ਦੀਆਂ ਖਾਣ ਵਾਲ਼ੀਆਂ ਚੀਜ਼ਾਂ ਬਣਾਈਆਂ ਗਈਆਂ । ਰਸੋਈ ਵੱਲੋਂ ਵੱਖ-ਵੱਖ ਤਰ੍ਹਾਂ ਦੀ ਖ਼ੁਸ਼ਬੋ ਦੀਆਂ ਲਪਟਾਂ ਦੱਸ ਰਹੀਆਂ ਸਨ ਕਿ ਅੱਜ ਦਸਹਿਰਾ ਹੈ । ਦੁਪਹਿਰ ਤੱਕ ਅਸੀਂ ਘਰ ਵਿੱਚ ਬਣੀਆਂ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਕਈ ਵਾਰੀ ਖਾਧੀਆਂ ਅਤੇ ਵਿੱਚ-ਵਿਚਾਲ਼ੇ ਮੇਲੇ ਵਾਲ਼ੇ ਮੈਦਾਨ ਵਿੱਚ ਵੀ ਚੱਕਰ ਲਾਉਂਦੇ ਰਹੇ । ਉੱਥੇ ਸਵੇਰ ਤੋਂ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਵੱਡੇ-ਵੱਡੇ ਪੁਤਲੇ ਖੜ੍ਹੇ ਕੀਤੇ ਜਾ ਰਹੇ ਸਨ ।

ਦੁਪਹਿਰ ਪਿੱਛੋਂ ਅਸੀਂ ਮੇਲੇ ਵੱਲ ਚੱਲ ਪਏ। ਗਲ਼ੀਆਂ-ਬਜ਼ਾਰਾਂ ਵਿੱਚ ਮੇਲੇ ਨੂੰ ਜਾਂਦੇ ਲੋਕਾਂ ਦੀ ਭੀੜ ਸੀ । ਮੇਲੇ ਵਾਲ਼ੀ ਥਾਂ ਇੱਕ ਵੱਖਰਾ ਹੀ ਸੰਸਾਰ

ਵੱਸਿਆ ਹੋਇਆ ਸੀ । ਪਿੰਡਾਂ ਵੱਲੋਂ ਵੀ ਹਰ ਉਮਰ ਦੇ ਲੋਕੀਂ ਰੰਗ-ਬਰੰਗੇ ਕੱਪੜਿਆਂ ਨਾਲ਼ ਸਜੇ ਚਾਈਂ-ਚਾਈਂ ਮੇਲੇ ਵੱਲ ਆ ਰਹੇ ਸਨ । ਦੁਕਾਨਾਂ ਨਾਲ਼ ਸਜੇ ਬਜ਼ਾਰ ਅਤੇ ਵੇਖਣ ਆਏ ਲੋਕ ਭਾਈਚਾਰਿਕ ਏਕੇ ਨੂੰ ਪ੍ਰਗਟਾ ਰਹੇ ਸਨ ।

ਮੇਲੇ ਵਿੱਚ ਵੜਦਿਆਂ ਹੀ ਅਸੀਂ ਆਪਾ ਭੁੱਲ ਗਏ। ਚੁਫੇਰੇ ਸੈਂਕੜੇ ਹੀ ਚੀਜ਼ਾਂ ਸਾਡਾ ਧਿਆਨ ਮੱਲੋ-ਮੱਲੀ ਖਿੱਚ ਰਹੀਆਂ ਸਨ—ਖ਼ੁਸ਼ੀ ਵਿੱਚ ਖੀਵੀ ਹੋਈ ਗਹਿਮਾ-ਗਹਿਮ ਭੀੜ, ਛੋਟੀਆਂ-ਵੱਡੀਆਂ ਦੁਕਾਨਾਂ ਉੱਤੇ ਸਜੀਆਂ ਚੀਜ਼ਾਂ, ਚੰਡੋਲਾਂ ਉੱਤੇ ਖ਼ੁਸ਼ੀ ਵਿੱਚ ਕਿਲਕਾਰੀਆਂ ਮਾਰਦੇ ਝੂਟੇ ਲੈਂਦੇ ਬੱਚੇ, ਭੁਕਾਨਿਆਂ, ਪੀਪਣੀਆਂ, ਵਾਜਿਆਂ ਆਦਿ ਦਾ ਸ਼ੋਰ ਅਤੇ ਮੇਲੇ ਦੇ ਵਿਚਕਾਰ ਉੱਚੇ ਦਿਸਦੇ ਰਾਵਣ ਤੇ ਉਸ ਦੇ ਸਾਥੀਆਂ ਦੇ ਰੰਗ-ਬਰੰਗੇ ਪੁਤਲੇ।

ਅਸੀਂ ਇੱਕ ਦੂਜੇ ਦੇ ਹੱਥਾਂ ਨੂੰ ਕੰਘੀ ਪਾ ਕੇ ਮੇਲੇ ਦੇ ਇੱਕ ਪਾਸਿਓਂ ਤੁਰਦੇ-ਤੁਰਦੇ ਦੂਜੇ ਪਾਸੇ ਤੱਕ ਗਏ । ਮਨ ਨਹੀਂ ਸੀ ਰੱਜਦਾ । ਮੁੜ-ਮੁੜ ਮੇਲੇ ਵਿੱਚ ਘੁੰਮਣ, ਕਦੇ ਲੋਕਾਂ ਨੂੰ ਅਤੇ ਕਦੇ ਵਿਕਣ ਵਾਲ਼ੀਆਂ ਚੀਜ਼ਾਂ ਨੂੰ ਵੇਖਣ ਨੂੰ ਜੀਅ ਕਰਦਾ ਸੀ । ਕੋਲ਼ ਜਿੰਨੇ ਪੈਸੇ ਸਨ, ਅਸੀਂ ਖਾਣ ਵਾਲ਼ੀਆਂ ਚੀਜ਼ਾਂ 'ਤੇ ਹੀ ਖ਼ਰਚ ਕਰ ਦਿੱਤੇ । ਸਾਡੇ ਕੋਲ਼ ਹੋਰ ਪੈਸੇ ਹੁੰਦੇ ਤਾਂ ਅਸੀਂ ਉਹ ਵੀ ਖ਼ਰਚ ਦਿੰਦੇ । ਇਹ ਮੇਲਾ ਸੀ, ਇੱਥੇ ਆਪਣੇ ਆਪ ਦੀ ਸੁੱਧ ਤਾਂ ਰਹਿੰਦੀ ਹੀ ਨਹੀਂ। ਵੱਡੀ ਉਮਰ ਦੇ ਲੋਕ ਆਪਣੇ ਬੱਚਿਆਂ ਲਈ ਨਿੱਕੀਆਂ-ਨਿੱਕੀਆਂ ਚੀਜ਼ਾਂ ਖ਼ਰੀਦ ਰਹੇ ਸਨ । ਚੂੜੀਆਂ ਅਤੇ ਹੋਰ ਘਰੇਲੂ ਵਸਤਾਂ ਦੀਆਂ ਦੁਕਾਨਾਂ ਉੱਤੇ ਇਸਤਰੀਆਂ ਦੀ ਭੀੜ ਸੀ । ਸਾਰਾ ਮੇਲਾ ਇੱਕ ਸੀ ਪਰ ਤਾਂ ਵੀ ਵੱਖ-ਵੱਖ ਥਾਂਵਾਂ 'ਤੇ ਘੇਰਿਆਂ ਵਿੱਚ ਲੋਕਾਂ ਦੀ ਭੀੜ ਲੱਗੀ ਹੋਈ ਸੀ । ਕੁਝ ਪਰ੍ਹਾਂ, ਖਿਡਾਰੀ ਖੇਡ ਵਿਖਾ ਰਹੇ ਸਨ ਅਤੇ ਖੇਡ-ਪ੍ਰੇਮੀ ਉਹਨਾਂ ਦੁਆਲ਼ੇ ਜੁੜੇ ਹੋਏ ਸਨ । ਕੁਝ ਉਰ੍ਹਾਂ ਇੱਕ ਮਦਾਰੀ ਆਪਣੇ ਤਮਾਸ਼ੇ ਨਾਲ਼ ਭੀੜ ਨੂੰ ਕੀਲੀ ਖੜ੍ਹਾ ਸੀ । ਹਰ ਉਮਰ ਦੇ ਲੋਕ ਉਸ ਦੀ ਹਰ ਖੇਡ ਦਾ ਅਨੰਦ ਮਾਣ ਰਹੇ ਸਨ। ਇੱਕ ਵੈਦ ਜਿਹਾ ਆਦਮੀ ਟੋਟਕੇ ਦੱਸ-ਦੱਸ ਕੇ ਆਪਣੀਆਂ ਦਵਾਈਆਂ ਵੇਚ ਰਿਹਾ ਸੀ । ਗੱਲ ਕੀ, ਹਰ ਵੇਖਣ ਵਾਲ਼ਾ ਅਤੇ ਖ਼ਰੀਦਣ ਵਾਲ਼ਾ, ਮੇਲੇ ਦਾ ਅੰਗ ਸੀ ।

ਸ਼ਾਮ ਹੋ ਗਈ ਸੀ । ਸਭ ਦਾ ਧਿਆਨ ਪੁਤਲਿਆਂ ਦੇ ਸਾੜੇ ਜਾਣ ਵੱਲ ਮੁੜ ਰਿਹਾ ਸੀ । ਵੇਖਦਿਆਂ ਹੀ ਰਾਮ, ਲਛਮਣ ਅਤੇ ਹਨੂਮਾਨ ਬਣੇ ਕਲਾਕਾਰ

ਨੱਚਦੇ-ਟੱਪਦੇ ਪੁਤਲਿਆਂ ਕੋਲ਼ ਪਹੁੰਚ ਗਏ ।ਉਹ ਉੱਚੀ-ਉੱਚੀ ਵਾਰਤਾਲਾਪ ਕਰ ਰਹੇ ਸਨ ਜੋ ਸਾਨੂੰ ਸੁਣਾਈ ਨਹੀਂ ਸੀ ਦਿੰਦੀ ।ਕੁਝ ਸਮੇਂ ਪਿੱਛੋਂ ਪੁਤਲਿਆਂ ਨੂੰ ਅੱਗ ਲਾਈ ਗਈ । ਉਹਨਾਂ ਵਿੱਚ ਰੱਖੇ ਪਟਾਕਿਆਂ ਦੇ ਫਟਣ ਦੀਆਂ ਅਵਾਜ਼ਾਂ ਲਗਾਤਾਰ ਆਉਣ ਲੱਗੀਆਂ ਅਤੇ ਨਾਲ਼ ਹੀ ਭੀੜ ਦਾ ਸ਼ੋਰ ਉੱਚਾ ਹੋਇਆ ।

ਇਸ ਤੋਂ ਪਿੱਛੋਂ ਲੋਕ ਆਪੋ-ਆਪਣੇ ਘਰਾਂ ਨੂੰ ਜਾਣ ਲੱਗ ਪਏ ।ਮੈਦਾਨ ਤੋਂ ਨਿਕਲ਼ਨ ਵਾਲ਼ੇ ਰਾਹਾਂ ਉੱਤੇ ਲੋਕਾਂ ਦਾ ਹੜ੍ਹ ਵਗਣ ਲੱਗ ਪਿਆ । ਮੈਂ ਤੇ ਮੇਰੀ ਭੈਣ ਗੁਆਚ ਜਾਣ ਦੇ ਡਰੋਂ ਬੜੀ ਸਾਵਧਾਨੀ ਨਾਲ਼ ਇੱਕ ਦੂਜੇ ਦਾ ਹੱਥ ਫੜੀ ਘਰ ਨੂੰ ਮੁੜ ਪਏ । ਕੁਝ ਲੋਕਾਂ ਨੇ ਮੇਲੇ ਤੋਂ ਖ਼ਰੀਦੀਆਂ ਚੀਜ਼ਾਂ ਹੱਥਾਂ ਵਿੱਚ ਚੁੱਕੀਆਂ ਹੋਈਆਂ ਸਨ । ਸਾਡੇ ਹੱਥ ਖ਼ਾਲੀ ਸਨ, ਪਰ ਸਾਡਾ ਮਨ ਮੇਲੇ ਦੇ ਸੁਆਦ ਨਾਲ਼ ਭਰਿਆ ਹੋਇਆ ਸੀ । ਘਰ ਆ ਕੇ ਕਿੰਨੀ ਦੇਰ ਅਸੀਂ ਇੱਕ-ਦੂਜੇ ਤੋਂ ਕਾਹਲ਼ੇ, ਮੇਲੇ ਦੀਆਂ ਗੱਲਾਂ ਘਰਦਿਆਂ ਨੂੰ ਦੱਸਦੇ ਰਹੇ ।

## ਛੱਬੀ ਜਨਵਰੀ

ਛੱਬੀ ਜਨਵਰੀ ਅਤੇ ਪੰਦਰਾਂ ਅਗਸਤ ਸਾਡੇ ਕੌਮੀ ਤਿਉਹਾਰ ਹਨ ।ਪੰਦਰਾਂ ਅਗਸਤ ਅਜ਼ਾਦੀ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ ਅਤੇ ਛੱਬੀ ਜਨਵਰੀ ਗਣਤੰਤਰ ਦਿਵਸ ਵਜੋਂ ।

ਸਾਡੇ ਦੇਸ ਦੇ ਇਤਿਹਾਸ ਵਿੱਚ ਛੱਬੀ ਜਨਵਰੀ ਦਾ ਮਹੱਤਵਪੂਰਨ ਸਥਾਨ ਹੈ ।ਇਸ ਦਿਨ 1929 ਈ. ਵਿੱਚ ਰਾਵੀ ਦਰਿਆ ਦੇ ਕੰਢੇ ਭਾਰਤ ਨੂੰ ਅਜ਼ਾਦ ਕਰਾਉਣ ਦਾ ਐਲਾਨ ਕੀਤਾ ਗਿਆ ਸੀ । ਇੱਥੇ ਇੱਕ ਸਮਾਗਮ ਵਿੱਚ ਬੋਲਦਿਆਂ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਅਸੀਂ ਭਾਰਤਵਾਸੀ ਅੱਜ ਤੋਂ ਅਜ਼ਾਦ ਹਾਂ ।ਅੰਗਰੇਜ਼ ਸਰਕਾਰ ਨੂੰ ਅਸੀਂ ਆਪਣੀ ਸਰਕਾਰ ਨਹੀਂ ਮੰਨਦੇ । ਅਸੀਂ ਆਖ਼ਰੀ ਦਮ ਤੱਕ ਭਾਰਤ ਦੀ ਅਜ਼ਾਦੀ ਲਈ ਲੜਦੇ ਰਹਾਂਗੇ ਅਤੇ ਅੰਗਰੇਜ਼ਾਂ ਨੂੰ ਚੈਨ ਨਾਲ਼ ਬੈਠਣ ਨਹੀਂ ਦਿਆਂਗੇ । ਛੱਬੀ ਜਨਵਰੀ ਦੇ ਇਸ ਐਲਾਨ ਤੋਂ ਪਿੱਛੋਂ ਅਜ਼ਾਦੀ ਲਈ ਲੜਾਈ ਹੋਰ ਤੇਜ਼ ਹੋ ਗਈ ।ਅਣਗਿਣਤ ਦੇਸ-ਭਗਤਾਂ ਨੇ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਗੁਮਨਾਮ ਹਨ, ਇਸ ਲੜਾਈ ਵਿੱਚ ਆਪਣੀਆਂ ਕੁਰਬਾਨੀਆਂ ਦੇ ਕੇ ਹਿੱਸਾ ਪਾਇਆ । ਅਜ਼ਾਦੀ ਲਈ